**PUNJAB STATE TRANSMISION CORPORATION LIMITED**
Regd. Office: PSEB, HEAD OFFICE, THE MALL,
OFFICE OF: CFO (CPC Section), II[nd] FLOOR, SHAKTI SADAN,
PATIALA-147001, Punjab, India.
Corporate Identity Number: U40109PB2010SGC033814.
TEL: 96461-08785 ,FAX- 0175-2970183 . E- mail: ao-cpc@pstcl.org

ਵੱਲ,

ਅਤਿ ਜਰੂਰੀ

ਸਮਾਂ ਬੱਧ

ਸਮੂਹ ਡੀ.ਡੀ.ਓ/ਲੇਖਾ ਯੂਨਿਟ,
ਅਧੀਨ ਪੀ.ਐਸ.ਟੀ.ਸੀ.ਐਲ.।

ਮੀਮੋ ਨੰ: 1798/1842

ਮਿਤੀ: 6/Aug/19

**ਵਿਸ਼ਾ: ਸਾਲ 2017-18 (ਜੁਲਾਈ-17 ਤੋਂ ਮਾਰਚ-18 ਤੱਕ) ਅਕਾਊਂਟ ਕੋਡ 62.903 ਅਤੇ 62.930 ਅਧੀਨ ਪ੍ਰਾਪਤ ਰਕਮ ਤੇ GST ਰਿਪੋਰਟ ਕਰਨ ਅਤੇ ਜਮ੍ਹਾਂ ਕਰਵਾਉਣ ਬਾਰੇ।**

ਉਪਰੋਕਤ ਵਿਸ਼ੇ ਸਬੰਧੀ ਸਾਲ 2017-18 ਦੌਰਾਨ ਆਪ ਦੇ ਦਫਤਰ ਵਲੋਂ ਟ੍ਰਾਇਲ ਬੈਲੇਂਸ ਅਨੁਸਾਰ ਮਾਰਚ ਲੇਖਿਆਂ ਨਾਲ WAD ਸ਼ਾਖਾ ਵਿੱਚ ਗਰੁੱਪ ਹੈਡ 62.903 ਅਤੇ 62.930 ਦੀਆਂ ਭੇਜੀਆਂ ਗਈਆਂ ਡਿਟੇਲਾਂ ਅਨੁਸਾਰ ਇਸ ਦਫਤਰ ਵਲੋਂ GST ਆਡਿਟਰ ਨੂੰ ਉਪਲੱਬਧ ਕਰਵਾਉਣ ਲਈ ਡਿਟੇਲਡ ਸਾਰਨੀ ਤਿਆਰ ਕੀਤੀ ਗਈ ਹੈ। ਇਸ ਸਾਰਨੀ ਵਿੱਚ ਆਪਦੇ ਦਫਤਰ ਵਲੋਂ GST ਲਈ ਇਸ ਦਫਤਰ ਨੂੰ ਰਿਪੋਰਟ ਕੀਤੀ ਅਤੇ ਰਿਪੋਰਟ ਨਾ ਕੀਤੀ ਗਈ ਰਕਮ ਨੂੰ ਵੀ ਦਰਸਾਇਆ ਗਿਆ ਹੈ। ਇਸ ਸਾਰਨੀ ਵਿੱਚ ਜੇਕਰ ਕੋਈ ਫਰਕ ਹੈ ਤਾਂ ਉਹ ਤੁਰੰਤ **ਕੱਲ ਮਿਤੀ <u>07-08-2019</u> ਤੱਕ ਇਸ ਦਫਤਰ ਨੂੰ ਸੂਚਿਤ ਕੀਤਾ ਜਾਵੇ। ਸੂਚਿਤ ਨਾ ਕਰਨ ਦੀ ਸੂਰਤ ਵਿੱਚ ਇਸ ਡਿਟੇਲ ਨੂੰ ਹੀ ਸਹੀ ਮੰਨਦੇ ਹੋਏ ਇਹ GST ਆਡਿਟਰ ਨੂੰ ਭੇਜ ਦਿੱਤੀ ਜਾਵੇਗੀ ਅਤੇ GST ਲਈ ਨਾ ਰਿਪੋਰਟ ਕੀਤੀ ਰਕਮ ਤੇ ਜੋ ਵਿਆਜ ਅਤੇ ਪੈਨਲਟੀ ਆਦਿ ਹੋਵੇਗਾ ਉਸਦੀ ਜ਼ਿੰਮੇਦਾਰੀ ਵੀ ਬਤੌਰ DDO ਆਪ ਦੇ ਦਫਤਰ ਦੀ ਹੋਵੇਗੀ।**

ਇਹ ਵੀ ਧਿਆਨ ਵਿੱਚ ਲਿਆਂਦਾ ਜਾਂਦਾ ਹੈ ਕਿ ਸਾਲ 2017-18 ਦੀ ਸਾਲਾਨਾ GST ਰਿਟਰਨ (GSTR-9) ਜਲਦ ਹੀ ਫਾਈਲ ਕੀਤੀ ਜਾਣੀ ਹੈ ਜੋ ਕਿ ਸਮਾਂ ਬੱਧ ਹੈ।ਸਾਲ 2017-18 ਦੌਰਾਨ ਜਮ੍ਹਾਂ ਹੋ ਚੁੱਕੇ GST ਤੋਂ ਇਲਾਵਾ ਬਣਦਾ GST ਸਮੇਤ ਵਿਆਜ GST-9 ਰਿਟਰਨ ਦੇ ਨਾਲ ਹੀ ਜਮ੍ਹਾਂ ਕਰਵਾਇਆ ਜਾਵੇਗਾ। ਇਸ ਲਈ ਸਾਲ 2017-18 ਦੇ ਟ੍ਰਾਇਲ ਬੈਲੇਂਸ ਅਤੇ GST ਆਨਲਾਈਨ ਪੈਕੇਜ ਮੁਤਾਬਿਕ ਆਪ ਦੁਆਰਾ ਇਸ ਦਫਤਰ ਨੂੰ ਭੇਜੀਆਂ ਗਈਆਂ GST ਦੀਆਂ ਮਹੀਨਾਵਾਰ ਰਿਟਰਨਾਂ ਵਿੱਚ ਜੋ ਫਰਕ ਆਵੇਗਾ, ਉਸਦੇ ਅਧਾਰ ਤੇ ਬਣਦੀ ਰਕਮ ਇਸ ਦਫਤਰ ਵਲੋਂ ਆਪਣੇ ਪੱਧਰ ਤੇ ਹੀ ਸਮੇਤ ਵਿਆਜ ਜਮ੍ਹਾਂ ਕਰਵਾ ਦਿੱਤੀ ਜਾਵੇਗੀ, ਜਿਸਦਾ ਯੂ-ਚੈੱਕ ਆਪਜੀ ਦੇ ਦਫਤਰ ਵਲੋਂ ਇਸ ਦਫਤਰ ਨੂੰ ਦੇਣਯੋਗ ਹੋਵੇਗਾ।ਇਸ ਲਈ ਆਪ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਨਾਲ ਨੱਥੀ ਸੂਚਨਾ ਚੈੱਕ ਕਰ ਲਈ ਜਾਵੇ ਅਤੇ ਜੇ ਕਿਸੇ ਰਕਮ ਤੇ GST ਲਾਗੂ ਨਹੀਂ ਹੁੰਦਾ ਤਾਂ ਬਿਨਾਂ ਕਿਸੇ ਦੇਰੀ ਦੇ ਇਸ ਦਫਤਰ ਨੂੰ ਸੂਚਿਤ ਕੀਤਾ ਜਾਵੇ। ਰਕਮ ਜਮ੍ਹਾਂ ਹੋਣ ਉਪਰੰਤ ਇਸ ਵਿੱਚ ਕੋਈ ਵੀ ਤਬਦੀਲੀ ਨਹੀਂ ਕੀਤੀ ਜਾ ਸਕਦੀ।ਨਾਲ ਨੱਥੀ ਲਿਸਟ ਤੋਂ ਇਲਾਵਾ ਵੀ ਜੇਕਰ GST ਆਡਿਟਰ ਵਲੋਂ Exempt Items ਵਿਚੋਂ ਕੋਈ ਰਕਮ Taxable ਦੱਸੀ ਜਾਂਦੀ ਹੈ ਅਤੇ ਉਸ ਰਕਮ ਤੇ GST ਅਦਾ ਕਰਨਾ ਬਣਦਾ ਹੈ ਤਾਂ ਇਸ ਸਬੰਧੀ ਆਪ ਨੂੰ ਸੂਚਿਤ ਕਰ ਦਿੱਤਾ ਜਾਵੇਗਾ।ਨੱਥੀ ਲਿਸਟ ਵਿੱਚੋਂ ਆਪ ਜੀ ਦੇ ਦਫਤਰ ਨਾਲ ਸਬੰਧਤ ਸੂਚਨਾ ਨੂੰ ਤਸਦੀਕ ਕਰਦੇ ਹੋਏ DDO ਦੇ ਹਸਤਾਖਰਾਂ ਅਧੀਨ ਇਸ ਦਫਤਰ ਨੂੰ ਤੁਰੰਤ ਭੇਜਿਆ ਜਾਵੇ ਜੀ।

ਮਾਮਲਾ ਅਤਿ ਜਰੂਰੀ ਹੈ ਜੀ।

6/8/19

ਲੇਖਾ ਅਫਸਰ/ਸੀ.ਪੀ.ਸੀ.
ਪੀ.ਐਸ.ਟੀ.ਸੀ.ਐਲ., ਪਟਿਆਲਾ।